ਸ਼ਰਧਾਂਜਲੀ

# ਫੁੱਲਾਂ ਦੇ ਅੱਥਰੂ

ਗੁਰਮੇਲ ਸਿੰਘ 'ਬੌਡੇ'

ਮਾਪਿਆਂ ਲਈ ਧੀ-ਪੁੱਤ ਇਕ ਫੁੱਲ ਵਾਂਗ ਹੁੰਦੇ ਹਨ। ਬਚਪਨ ਵਿਚ ਦੋਵੇਂ ਭੁੱਖ ਲੱਗਣ ਤੇ ਅੱਖਾਂ 'ਚੋਂ ਅੱਥਰੂ ਵਹਾਉਂਦੇ ਹਨ। ਇਹ ਢਿੱਡ ਇਕ ਅਜਿਹੀ ਅੱਗ ਹੈ ਜੋ ਪਾਣੀ ਨਾਲ ਵੀ ਨਹੀਂ ਬੁਝਦੀ ਤੇ ਮਨੁੱਖ ਨੂੰ ਦੇਸ਼ ਪ੍ਰਦੇਸ਼ ਦੀ ਭਟਕਣਾ 'ਚ ਭਟਕਾਉਂਦੀ ਬਿਲਕੁਲ ਉਸੇ ਤਰ੍ਹਾਂ ਜਿਵੇਂ ਪਿਆਸਾ ਪੰਛੀ ਪਾਣੀ ਦੀ ਤਲਾਸ਼ ਵਿਚ ਮ੍ਰਿਗ ਦ੍ਰਿਸ਼ਨ ਗਰਮੀ ਨਾਲ ਤਪਦੀ ਰੇਤ ਪਾਣੀ ਦਾ ਭੁਲੇਖਾ ਪਾਉਂਦੀ ਹੈ। ਇਹ ਭੁਲੇਖਾ ਹੀ ਉਸਨੂੰ ਹਾਲੋਂ ਬੇਹਾਲ ਕਰਦਾ ਹੈ। ਭਾਵੇਂ ਉਹਨਾਂ ਬਾਰੇ ਕਿਹਾ ਗਿਆ ਹੈ ਕਿ "ਪੱਲੇ ਰਿਜ਼ਕ ਨਾ ਬੰਨਦੇ ਪੰਛੀ ਤੇ ਦਰਵੇਸ਼"।

ਪਰ ਮਨੁੱਖ ਇਕ ਅਜਿਹਾ ਪ੍ਰਾਣੀ ਹੈ ਜੋ ਪੇਟ ਦੀ ਮ੍ਰਿਗ ਤ੍ਰਿਸ਼ਨਾ ਦਾ ਸ਼ਿਕਾਰ ਹੋ ਕੇ ਦੇਸ਼-ਪ੍ਰਦੇਸ਼ ਭਟਕਦਾ ਹੈ ਕਿਉਂਕਿ ਸਵਾ ਅਰਬ ਦੀ ਅਬਾਦੀ ਵਾਲੇ ਇਸ ਦੇਸ਼ ਵਿਚ ਸਿਰਫ਼ ਸਮੇਤ ਫੌਜ ਪੁਲਿਸ ਡਾਕਟਰ ਨਰਸਾਂ ਅਧਿਆਪਕ ਵਕੀਲ ਤੇ ਪ੍ਰਾਈਵੇਟ ਅਦਾਰਿਆਂ ਦੇ ਮੁਲਾਜਮਾਂ ਦੀ ਗਿਣਤੀ ਸਵਾ-ਡੇਢ ਕਰੋੜ ਹੀ ਬਣਦੀ ਹੈ ਤੇ ਬਾਕੀ ਇਕ ਅਰਬ ਸਾਢੇ ਤੇਈ ਕਰੋੜ ਵਸੋਂ ਇਸ ਭਟਕਣਾ ਦਾ ਸ਼ਿਕਾਰ ਹੈ। ਜਿਸ ਦੀ ਮਾਰ ਤੋਂ ਮੇਰੇ ਆਪਣੇ ਮਾਂ ਜਾਏ ਵੱਡੇ ਭਰਾ ਤੇ ਉਹਨਾਂ ਦੇ ਬੱਚੇ ਵੀ ਨਹੀਂ ਬਚ ਸਕੇ। ਉਹਨਾਂ ਤੋਂ ਛੋਟੇ ਅੱਜ ਵੀ ਪ੍ਰਵਾਸ ਦੀ ਉਡਾਰੀ ਭਰਨ ਲਈ ਯਤਨਸ਼ੀਲ ਹਨ। ਪ੍ਰਵਾਸ਼ ਸਾਡੇ ਕਿੰਨੇ ਕੁ ਧੀਆਂ ਪੁੱਤਰਾਂ ਨੂੰ ਖੜ੍ਹਨ ਬੈਠਣ ਜੋਗੀ ਥਾਂ ਦੇਵੇਗਾ। ਇਹ ਇਕ ਗੰਭੀਰ ਪ੍ਰਸ਼ਨ ਹੈ। ਏਹੀ ਸਵਾਲ ਵਰਤਮਾਨ ਰਾਜ ਸ਼ਕਤੀ ਦੀ ਕਬਰ ਬਣੇਗਾ।

ਪ੍ਰਵਾਸੀ ਵਿਅਕਤੀ ਅਤੇ ਧੀ ਵਿਚ ਕੋਈ ਬਹੁਤਾ ਫਰਕ ਨਹੀਂ। ਧੀ ਵਿਆਹ ਸਮੇਂ ਬਾਬਲ ਦਾ ਘਰ ਛੱਡਦੇ ਸਮੇਂ ਅੱਥਰੂ ਵਹਾਉਂਦੀ ਹੈ ਤੇ ਪ੍ਰਦੇਸ਼ੀ ਜਿੰਨੀ ਵਾਰ ਵੀ ਆਪਣੇ ਪਿੰਡ 'ਚੋਂ ਪਰਿਵਾਰ 'ਚੋਂ ਵਾਪਸ ਪਰਵਾਜ ਕਰਦਾ ਹੈ ਤਾਂ ਉਸ ਦੀਆਂ ਅੱਖਾਂ 'ਚੋਂ ਮੋਤੀਆਂ ਵਰਗੇ ਅੱਥਰੂ ਡਿੱਗਦੇ ਹਨ।

ਆਮ ਮਨੁੱਖ ਦਾ ਦੁਖਾਂਤ ਹੈ ਕਿ ਉਹ ਸਿਧਾਰਥ ਨਹੀਂ ਬਣ ਸਕਦਾ। ਰਾਜ ਸਤ੍ਹਾ ਦੇ ਮਾਲਕ ਜੋ ਸਿਧਾਰਥ ਵਾਂਗ ਸੱਚ ਦੀ ਖੋਜ ਕਰ ਸਕਦੇ ਹਨ ਉਹ ਆਮ ਮਨੁੱਖ ਦਾ ਲਹੂ ਪੀ ਰਹੇ ਹਨ। ਸਿਧਾਰਥ ਬਾਰੇ ਕਿਹਾ ਜਾਂਦਾ ਹੈ ਕਿ ਉਸ ਦੇ ਮਹਿਲਾਂ ਵਿਚ ਦੁੱਖਾਂ ਪੀੜਾਂ ਨੂੰ ਪ੍ਰਵੇਸ਼ ਕਰਨ ਦੀ ਆਗਿਆ ਨਹੀਂ ਸੀ। ਪਰ ਇਕ ਦਿਨ ਉਹ ਕੋਚਵਾਨ ਨੂੰ ਲੈ ਕੇ ਸ਼ਹਿਰ ਦਾ ਗੇੜਾ ਮਾਰਨ ਗਿਆ ਤਾਂ ਸ਼ਹਿਰ ਵਿਚ ਉਸ ਨੇ ਇਕ ਰੋਗੀ ਦੇਖਿਆ ਅਤੇ ਕੋਚਵਾਨ ਨੂੰ ਪੁੱਛਿਆ ਕਿ ਇਹ ਕੌਣ ਹੈ? ਉਸ ਨੇ ਜਵਾਬ ਦਿੱਤਾ ਕਿ "ਇਹ ਰੋਗੀ ਹੈ" "ਕੀ ਮੈਂ ਵੀ ਰੋਗੀ ਬਣਾਂਗਾ?" ਹਾਂ ਰਾਜਕੁਮਾਰ ਤੁਸੀਂ ਵੀ ਰੋਗੀ ਬਣ ਸਕਦੇ ਹੋ ਕੋਚਵਾਨ ਨੇ ਜਵਾਬ ਦਿੱਤਾ। ਉਹ ਕੁਝ ਦੂਰ ਅੱਗੇ ਗਏ ਤਾਂ ਉਹਨਾਂ ਇਕ ਬਜ਼ੁਰਗ ਦੇਖਿਆ ਜੋ ਹੌਲੀ-ਹੌਲੀ ਤੁਰ ਰਿਹਾ ਸੀ। ਇਹ ਕੌਣ ਹੈ? ਇਹ ਬਜ਼ੁਰਗ ਹੈ ਜ਼ਿੰਦਗੀ ਹੰਢਾ ਚੁੱਕਾ ਹੈ। "ਕੀ ਮੈਂ ਵੀ ਬਜ਼ੁਰਗ ਹੋਵਾਂਗਾ?" ਸਿਧਾਰਥ ਨੇ ਪੁੱਛਿਆ। ਹਾਂ ਰਾਜਕੁਮਾਰ ਤੁਹਾਨੂੰ ਵੀ ਬਜ਼ੁਰਗ ਹੋ ਕੇ ਇਸ ਹਾਲਤ ਵਿਚੋਂ ਦੀ ਲੰਘਣਾ ਪਵੇਗਾ। ਉਹ ਕੁਝ ਹੋਰ ਅੱਗੇ ਗਏ ਤਾਂ ਉਹਨਾਂ ਚਾਰ ਬੰਦਿਆਂ ਨੂੰ ਇਕ ਅਰਥੀ ਚੁੱਕੀ ਜਾਂਦੇ ਦੇਖਿਆ "ਇਹ ਕੀ ਹੈ?" ਸਿਧਾਰਥ ਨੇ ਪੁੱਛਿਆ। ਇਹ ਮੌਤ ਹੈ ਏਹੀ ਮਨੁੱਖ ਦਾ ਅੰਤਮ ਹਸ਼ਰ ਹੈ। "ਕੀ ਮੇਰੀ ਵੀ ਮੌਤ ਹੋਵੇਗੀ?" ਰਾਜਕੁਮਾਰ ਨੇ ਪੁੱਛਿਆ "ਹਾਂ ਰਾਜਕੁਮਾਰ ਤੁਹਾਡੇ ਤੇ ਵੀ ਇਹ ਸਥਿਤੀ ਆਵੇਗੀ" ਕੋਚਵਾਨ ਨੇ ਉੱਤਰ ਦਿੱਤਾ। "ਚਲੋ ਬਹੁਤ ਕੁਝ ਦੇਖ ਲਿਆ ਹੁਣ ਵਾਪਸ ਚੱਲੋ।" ਰਾਜਕੁਮਾਰ ਦੇ ਕਹਿਣ ਤੇ ਕੋਚਵਾਨ ਨੇ ਰਥ ਵਾਪਸ ਮੋੜ ਲਿਆ। ਸਾਰੀ ਰਾਤ ਸਿਧਾਰਥ ਇਹ ਮੰਜਰ ਦੇਖ ਕੇ ਬੇਚੈਨ ਹੋਇਆ ਤੇ ਆਪਣੀ ਪਤਨੀ ਤੇ ਬੱਚੇ ਨੂੰ ਛੱਡ ਕੇ ਸੱਚ ਦੀ ਭਾਲ ਵਿਚ ਨਿਕਲ ਗਿਆ ਅਤੇ ਮਹਾਤਮਾ ਬੁੱਧ ਬਣਿਆ।

ਅੱਜ ਸਾਡੇ ਧੀਆਂ-ਪੁੱਤਰਾਂ ਲਈ ਬੇਰੁਜ਼ਗਾਰੀ ਸਭ ਤੋਂ ਵੱਡਾ ਤਲਖ ਬੇਚੈਨੀ ਹੈ। ਉਹ ਵੀ ਮਾਂ-ਬਾਪ-





ਪਤਨੀ ਤੇ ਬੱਚਿਆਂ ਵਾਂਗ ਬੇ-ਰੁਜ਼ਗਾਰ ਹੋਣ ਲਈ ਇਸ ਦੀ ਭਾਲ 'ਚ ਭਟਕਦੇ ਹਨ। ਇਹ ਭਟਕਣਾ ਪੰਛੀਆਂ ਵਿਚ ਵੀ ਹੈ ਉਹ ਵੀ ਸ਼ਿਕਾਰ ਹੋਣ ਤੋਂ ਡਰ ਕੇ ਪੇਟ ਖਾਤਰ ਤੇ ਆਪਣੇ ਬੋਟਾਂ ਖਾਤਰ ਚੋਗ ਪਈ ਪ੍ਰਵਾਜ਼ ਭਰਨ ਤੋਂ ਨਹੀਂ ਡਰਦੇ। ਜਾਨ ਹਥੇਲੀ ਤੇ ਰੱਖ ਕੇ ਚੱਲਦੇ ਹਨ। ਬਾਬਾ ਨਾਨਕ ਨੇ ਇਸ ਵਰਤਾਰੇ ਬਾਰੇ ਲਿਖਿਐ -

**ਓਡ ਓਡ ਆਵੈ ਸੈ ਕੋਸਾ**
**ਤਿਸ ਪਾਛੈ ਬਾਚੇ ਛਕਿਆ**
**ਤਿਨ ਕੌਣ ਖਲਾਵੇ-ਕੌਣ ਚੁਗਾਵੇ**
**ਮਨੁ ਮਹਿ ਸਿਮਰਨ ਕਰਿਆ।**

ਇਸ ਵਰਤਾਰੇ 'ਚ ਮਨੁੱਖ ਵੀ ਇਹਨਾਂ ਪਰਿੰਦਿਆਂ ਵਾਂਗ ਸਾਡੇ ਬੱਚੇ ਵੀ ਹਜ਼ਾਰਾਂ ਮੀਲਾਂ ਦਾ ਪੰਧ ਤਹਿ ਕਰਕੇ ਚੋਗ ਦੀ ਭਾਲ 'ਚ ਨਿਕਲਦੇ ਹਨ। ਕਦੇ ਮਾਲਟਾ ਕਾਂਡ ਕਦੇ ਨਸਲੀ ਵਿਤਕਰੇ ਦਾ ਸ਼ਿਕਾਰ ਹੋ ਕੇ ਸ਼ਿਕਾਰ ਬਣ ਜਾਂਦੇ ਹਨ। ਭਟਕਣਾ ਇਹਨਾਂ ਦੀ ਵੀ ਸਿਧਾਰਥ ਵਾਲੀ ਹੈ ਪਰ ਇਹ ਭਟਕਣਾ ਢਿੱਡ ਦੀ ਹੈ। ਬੱਚਿਆਂ ਦੇ ਭਵਿੱਖ ਦੀ ਹੈ। ਜਦ ਵੀ ਉਹ ਆਪਣੇ ਪਰਿਵਾਰਾਂ 'ਚੋਂ ਮਾਂ-ਬਾਪ ਛੱਡ ਕੇ, ਬੱਚੇ ਛੱਡ ਕੇ ਚੋਗ ਲਈ ਪ੍ਰਵਾਜ਼ ਭਰਦੇ ਹਨ ਤਾਂ ਅੱਖਾਂ 'ਚੋਂ ਮੋਹ ਦੇ ਹੰਝੂ ਟਪਕਦੇ ਹਨ।

ਪਹਿਲੀ ਵਾਰ ਮੇਰੀ ਭੈਣ ਵਿਆਹ ਸਮੇਂ 21 ਜਨਵਰੀ 1974 ਨੂੰ ਬਾਪ ਦੇ ਗੱਲ ਲੱਗ ਕੇ ਮੋਤੀਆਂ ਵਰਗੇ ਹੰਝੂ ਕੇਰਦੀ ਹੋਈ ਬਾਬਲ ਦੇ ਘਰੋਂ ਵਿਦਾ ਹੋਈ। ਫਿਰ ਨਵੰਬਰ 1978 ਨੂੰ ਵੱਡਾ ਭਰਾ ਜਰਮਨੀ ਲਈ ਤੇ ਫੇਰ ਜੂਨ 1982 ਨੂੰ ਬਾਲ ਬੱਚੇ ਛੱਡ ਕੇ ਮਨੀਲਾ ਲਈ ਪ੍ਰਵਾਜ਼ ਭਰੀ ਸੀ ਤਾਂ ਉਹਨਾਂ ਦੀਆਂ ਅੱਖਾਂ 'ਚੋਂ ਮੋਤੀਆਂ ਵਰਗੇ ਹੰਝੂਆਂ ਦੀਆਂ ਧਰਾਵਾਂ ਵਹਿ ਰਹੀਆਂ ਸਨ। ਪਰ ਇਹ ਪ੍ਰਵਾਜ਼ ਦੇ ਹੰਝੂ ਮੇਰੀ ਜ਼ਿੰਦਗੀ 'ਚ ਨਹੀਂ ਆਏ। ਲੱਤ ਕੱਟ ਜਾਣ ਤੇ ਮੇਰਾ ਅੱਧਾ ਸਰੀਰ ਮਰ ਗਿਆ ਤੁਰਨ ਫਿਰਨ ਦੀ ਬੇਬਸੀ 'ਚ ਬੇਬਸੀ ਦੇ ਹੰਝੂਆਂ ਨਾਲ ਅੱਖਾਂ ਜ਼ਰੂਰ ਤਰ ਹੋਈਆਂ।

ਸਾਲ 1990 ਵੀ ਇਕ ਅਜਿਹਾ ਸਾਲ ਸੀ ਜਦ ਮਈ 1990 ਨੂੰ ਗੁਰਦੇਵ ਸਿੰਘ ਤੇ ਸਤੰਬਰ 90 ਵਿਚ ਰਾਜਪ੍ਰੀਤ ਸਿੰਘ ਤੇ ਪ੍ਰਮਿੰਦਰ ਕੌਰ ਮਾਂ ਨੂੰ ਛੱਡ ਕੇ ਭਰੀਆਂ ਅੱਖਾਂ ਨਾਲ ਕੈਨੇਡਾ ਲਈ ਰਵਾਨਾ ਹੋਏ। ਫਿਰ 1993 'ਚ ਸਾਰੇ ਆਪਣੇ ਘਰ ਵਾਪਸ ਪਰਤੇ। ਵਾਪਸ ਜਾਂਦੇ ਸਮੇਂ ਫੇਰ ਉਹਨਾਂ ਦੀਆਂ ਅੱਖਾਂ 'ਚੋਂ ਹੰਝੂ ਛਲਕ ਰਹੇ ਸਨ। ਇਸ ਤੋਂ ਬਾਅਦ ਪਰਿਵਾਰ ਅਨੇਕਾਂ ਹੀ ਉਤਰਾਵਾਂ ਚੜ੍ਹਾਵਾਂ ਵਿਚੋਂ ਦੀ ਲੰਘਿਆ। ਉਹਨਾਂ ਹਾਲਤਾਂ 'ਚ ਬਾਪੂ ਜੀ ਦੇ ਬਜ਼ੁਰਗ ਤੇ ਬੇਬਸੀ ਦੇ ਹੰਝੂ ਰੂਪੀ ਮੋਤੀਆਂ ਨੂੰ ਦੇਖਿਆ।

ਗੁਰਦੇਵ ਸਿੰਘ 1993 ਤੋਂ ਬਾਅਦ 1996, 1999, 2000, 2002, 2003-04 ਤੇ ਫੇਰ ਹਰ ਸਾਲ ਘਰ ਗੇੜਾ ਮਾਰਦਾ ਉਸਦੇ ਆਉਣ ਦੀ ਉਡੀਕ ਰਹਿੰਦੀ ਤੇ ਮਈ 2016 'ਚ ਉਹ 1990 ਤੋਂ ਲੈ ਕੇ ਪੰਦਰਵੀਂ-ਸੋਲਵੀਂ ਵਾਰ ਜਾਂਦੇ ਸਮੇਂ ਮੋਤੀਆਂ ਵਰਗੇ ਹੰਝੂ ਵਹਾਉਂਦਾ ਗਿਆ। ਪਰਿਵਾਰ ਇਕ ਅਜਿਹੀ ਇਕਾਈ ਹੁੰਦਾ ਹੈ ਜਿਸ ਵਿਚ ਮਤਭੇਦਾਂ ਦੇ ਸਹਿਮਤੀ ਜਾਂ ਅਸਹਿਮਤੀ ਦੇ ਪੜਾਓ ਆਉਂਦੇ ਹੀ ਰਹਿੰਦੇ ਹਨ। ਇਹ ਆਪਣਿਆਂ ਹੀ ਉੱਪਰ ਰੋਸੇ ਦੇ ਪਲ ਹੁੰਦੇ ਹਨ। ਦੁਨੀਆਂ ਦਾ ਕੋਈ ਪਰਿਵਾਰ ਇਸ ਵਰਤਾਰੇ ਤੋਂ ਅਭਿੱਜ ਨਹੀਂ ਹੈ। ਕੁਝ ਅਜਿਹੇ ਹੀ ਪਲਾਂ 'ਚੋਂ ਮੈਨੂੰ ਤੇ ਗੁਰਦੇਵ ਸਿੰਘ ਨੂੰ ਗੁਜ਼ਰਨਾ ਪਿਆ। ਸ਼ਾਇਦ ਇਹ ਪਲ ਉਹਨਾਂ ਜਾਂ ਮੇਰੇ ਲਈ ਤਿੰਨ-ਚਾਰ ਦਹਾਕਿਆਂ ਦੇ ਪਿਆਰ ਦੇ ਦੁੱਧ ਵਿਚ ਦੋ ਬੂੰਦਾਂ ਖੱਟੇ ਦੀਆਂ ਪੈਣ ਵਾਂਗ ਸੀ। ਪਰ ਇਹਨਾਂ ਦੋ ਬੂੰਦਾਂ ਨੇ ਹੀ ਹਮੇ ਮਹਿਰਮ ਸੇ ਮਜਰਮ ਬਣਾ ਦੀਆ।

ਛੇ ਅਕਤੂਬਰ ਨੂੰ ਸਕੂਲ ਵਾਲਿਆਂ ਨੇ ਮੈਨੂੰ ਡੀ.ਏ.ਓ. ਦਫ਼ਤਰ ਮੋਗੇ ਭੇਜਿਆ। ਮੈਂ ਸਕੂਲ ਦਾ ਕੰਮ ਕਰਕੇ 1.40 ਤੇ ਫੇਰ ਸਕੂਲ ਆ ਗਿਆ। ਆ ਕੇ ਦੁਪਹਿਰ ਦਾ ਖਾਣਾ ਖਾਧਾ ਤੇ ਚਾਹ ਪੀਤੀ ਤੇ ਕਲਾਸ ਲਗਾ ਕੇ ਮੈਂ 2.14 ਤੇ ਬਾਹਰ ਆ ਰਿਹਾ ਸੀ ਕਿ ਚੰਗਾ ਭਲਾ ਤੁਰਦਾ ਤੁਰਦਾ ਮੈਂ ਸਕੂਲ ਦੀ ਖਾਈ ਵਿਚ ਡਿੱਗ ਪਿਆ। ਮੇਰੇ ਤੋਂ ਉਠਿਆ ਨਾ ਗਿਆ। ਸਾਥੀ ਅਧਿਆਪਕਾਂ ਨੇ ਦੌੜ ਕੇ ਮੈਨੂੰ ਉਠਾਇਆ ਤੇ ਮੇਰੇ ਕੱਪੜੇ ਵਗੈਰਾ ਝਾੜ ਕੇ ਪੁੱਛਿਆ "ਗੁਰਮੇਲ ਸੱਟ ਤਾਂ ਨਹੀਂ ਲੱਗੀ" ਭਾਵੇਂ ਮੇਰੀਆਂ ਕੂਹਣੀਆਂ, ਗੋਡੇ ਅਤੇ ਢੂਹੀ ਦਰਦ ਕਰ ਰਹੀ ਸੀ। ਪਰ ਮੈਂ ਕਿਹਾ ਨਹੀਂ ਮੈਂ ਠੀਕ ਹਾਂ। ਇਸ ਦਰਦ ਕਾਰਨ ਮਨ ਬੇਚੈਨੀ ਮਹਿਸੂਸ ਕਰਨ ਲੱਗਾ। ਸਕੂਲੋਂ 3.20 ਤੇ ਚੱਲ ਕੇ ਮੈਂ 3.40 ਤੇ ਘਰ ਆ ਕੇ ਸੋਫੇ ਤੇ ਲੇਟ ਗਿਆ ਤਾਂ ਜੋ ਡਿੱਗਣ ਕਰਕੇ ਵੱਜੀਆਂ ਸੱਟਾਂ ਨੂੰ ਵਿਸ਼ੇਸ਼ ਕਰਕੇ ਢੂਹੀ ਨੂੰ ਆਰਾਮ ਆ ਸਕੇ। ਸਾਢੇ ਕੁ ਚਾਰ ਵਜੇ ਮੈਂ ਚਾਹ ਪੀਤੀ। ਦੂਸਰੇ ਮੰਜ਼ਲ ਤੇ ਪ੍ਰਭਜੋਤ ਆਪਣੇ ਦੋਸਤਾਂ ਨਾਲ ਬੈਠਾ ਸੀ ਤੇ ਕਮਲ ਜਸ਼ਨ ਨੂੰ ਲੈ ਕੇ ਬੱਧਨੀ ਗਿਆ ਹੋਇਆ ਸੀ। 4.45 ਤੇ ਪ੍ਰਭਜੋਤ ਦੇ ਅਚਾਨਕ ਉੱਚੀ ਉੱਚੀ ਧਾਹਾਂ ਮਾਰਨ ਦੀ ਆਵਾਜ਼ ਸੁਮੀ ਤਾਂ ਮਨ 'ਚ ਆਇਆ ਕਿ ਇਹ ਹੁਣੇ ਤਾਂ ਚੰਗਾ ਭਲਾ ਸੀ ਹੁਣ ਇਹਨੂੰ ਕੀ ਹੋ ਗਿਆ? "ਓ ਡੈਡੀ, ਓ ਡੈਡੀ ਆਪਾਂ ਪੱਟੇ ਗਏ। ਦੇਵ ਡੈਡੀ ਦੇ ਅੱਜ ਗੋਲੀਆਂ ਮਾਰੀਆਂ ਤੇ ਹਸਪਤਾਲ ਵਾਲਿਆਂ ਨੇ ਜਵਾਬ ਦੇ ਦਿੱਤਾ ਤੇ ਰਸਤੇ 'ਚ ਉਹਨਾਂ ਦੀ ਮੌਤ ਹੋ ਗਈ।" ਬੇਟੇ ਦੇ ਮੂੰਹੋਂ ਇਹ ਸ਼ਬਦ ਸੁਣ ਕੇ ਦਿਲ ਦੀ ਧੜਕਣ ਰੁਕਦੀ ਮਹਿਸੂਸ ਹੋਈ ਤੇ ਅੱਖਾਂ ਹੈਰਾਨੀ ਨਾਲ ਮੁਰਦੇ ਵਾਂਗ ਖੜ੍ਹ ਗਈਆਂ। ਇਹ ਸਥਿਤੀ ਦੇਖ ਕੇ ਪ੍ਰਭਜੋਤ ਦੇ ਦੋਸਤਾਂ ਨੇ ਜਲਦੀ ਜਲਦੀ ਮੇਰੀ ਛਾਤੀ ਦਬਾਈ। ਅਟਕਿਆ ਸਾਹ ਬਾਹਰ ਆਇਆ ਤੇ ਸਬਰ ਤੇ ਸਿਰੜ ਨਾਲ, ਅੱਖਾਂ 'ਚੋਂ ਵਹਿੰਦੇ ਅੱਥਰੂਆਂ ਤੇ ਧਾਹਾਂ ਨਾਲ ਆਪਣਾ ਆਪ ਸੰਭਾਲਿਆ। ਪ੍ਰਭਜੋਤ ਨੂੰ ਕੈਨੇਡਾ ਤੋਂ ਰੇਸ਼ਮ ਨੇ ਫ਼ੋਨ ਕਰਕੇ ਇਹ ਖ਼ਬਰ ਦਿੱਤੀ ਸੀ। ਮੈਂ ਕਮਲ ਨੂੰ ਇਹ ਸੋਚ ਕੇ ਕਿ ਉਹ ਗੱਡੀ ਚਲਾ ਰਿਹਾ ਹੋਵੇ ਕਿਤੇ ਸਿੱਧੀ ਖਬਰ ਦੇਣ ਨਾਲ ਗੱਡੀ ਬੇਕਾਬੂ ਨਾ ਹੋ ਜਾਵੇ। ਮੈਂ ਸਿਰਫ਼ ਏਨਾ ਹੀ ਕਿਹਾ ਕਿ "ਕਮਲ ਜਿੰਨੀ ਜਲਦੀ ਹੋ ਸਕੇ ਘਰੇ ਆ ਜਾ", "ਮੈਨੂੰ ਪਤਾ ਲੱਗ ਗਿਆ ਹੈ ਤੇ ਆ ਰਿਹਾ ਹਾਂ।" ਕਮਲ ਨੇ ਜਵਾਬ ਦਿੱਤਾ।

ਆਉਣ ਸਾਰ ਕਮਲ ਨੂੰ ਬੁੱਕਲ 'ਚ ਲਿਆ ਘਰੇ ਚੀਕ ਚਿਹਾੜਾ ਪਿਆ ਹੋਇਆ ਸੀ। ਜਿਸਨੂੰ ਸੁਣ ਕੇ ਆਂਢ-ਗੁਆਂਢ ਇਕੱਠਾ ਹੋ ਰਿਹਾ ਸੀ। ਉਸ ਰਾਤ ਨਾ ਪੱਕੀਆਂ ਤੇ ਨਾਂ ਹੀ ਕਿਸੇ ਦੇ ਸੰਘੋ ਬੁਰਕੀ ਉੱਤਰੀ। ਦੂਸਰੇ ਪਾਸੇ 95 ਸਾਲ ਦੀ ਮਾਂ ਵਿਲਕ ਰਹੀ ਸੀ "ਵੇ ਪੁੱਤਾ ਤੂੰ ਮੇਰਾ ਬੁਢਾਪਾ ਮਾਰ ਗਿਐ।"

ਅਗਲੇ ਦਿਨ ਰਿਸ਼ਤੇਦਾਰ ਆਉਣ ਲੱਗੇ। ਮਨੀਲਾ ਤੋਂ ਗੁਰਦੇਵ ਸਿੰਘ ਦੀ ਮ੍ਰਿਤਕ ਦੇਹ ਦੇ ਫੋਟੋ ਆਉਣ ਲੱਗੇ। ਉਹ ਸਦਾ ਦੀ ਨੀਂਦ ਸੌਂ ਗਿਆ ਸੀ। ਉਹ ਏਥੇ ਅਕਸਰ ਕਹਿੰਦਾ ਹੁੰਦਾ ਸੀ ਕਿ "ਮਾਸਟਰਾ ਮੇਰਾ ਫ਼ਿਕਰ ਨਾ ਕਰ ਪ੍ਰਮਾਤਮਾ ਮੇਰੇ ਨਾਲ ਹੈ ਤੇ ਨੱਬੇ ਸਾਲ ਦੀ ਉਮਰ ਤੱਕ ਮੈਨੂੰ ਕੁਝ ਨਹੀਂ ਹੁੰਦਾ। ਪਰ ਅਜੇ ਤਾਂ 24 ਸਤੰਬਰ 2016 ਨੂੰ 67 ਵਰ੍ਹੇ ਹੀ ਪੂਰੇ ਹੋਏ ਸਨ।

ਫਿਰ ਇਹ ਪ੍ਰੋਗਰਾਮ ਬਣਿਆ ਕਿ 11-12 ਅਕਤੂਬਰ ਕੁਲਦੀਪ ਸਿੰਘ ਕੈਨੇਡਾ ਤੋਂ ਰੇਸ਼ਮ ਸਿੰਘ ਦੀ ਵੱਡੀ ਬੇਟੀ ਤਰਨਦੀਪ ਨੂੰ ਨਾਲ ਲੈ ਕੇ ਆਵੇਗਾ ਜਿਸ ਦਾ ਗੁਰਦੇਵ ਸਿੰਘ ਨਾਲ ਵਿਸ਼ੇਸ਼ ਮੋਹ ਸੀ ਕਿਉਂਕਿ ਬਚਪਨ ਸਮੇਂ ਰੇਸ਼ਮ ਅਤੇ ਸੰਦੀਪ ਦੇ ਕੈਨੇਡਾ ਜਾਣ ਸਮੇਂ ਸਵਾ ਕੁ ਸਾਲ ਦੀ ਤਰਨਦੀਪ ਨੂੰ ਗੁਰਦੇਵ ਸਿੰਘ ਨੇ ਹੀ ਪਾਲਿਆ ਸੀ। 14 ਅਕਤੂਬਰ ਨੂੰ ਰੇਸ਼ਮ ਸਿੰਘ ਨੇ ਮਨੀਲਾ ਤੋਂ ਗੁਰਦੇਵ ਸਿੰਘ ਦੀ ਮ੍ਰਿਤਕ ਦੇਹ ਲੈ ਕੇ ਸਵੇਰੇ 8 ਵਜੇ ਪਹੁੰਚਣਾ ਸੀ। ਇੰਜ 14 ਮਾਰਚ ਨੂੰ ਗੁਰਦੇਵ ਸਿੰਘ ਇਸ ਘਰ ਵਿਚ ਆਇਆ। ਉਸ ਦੀ ਮ੍ਰਿਤਕ ਦੇਹੀ ਨੂੰ ਪਰਿਵਾਰ ਅਤੇ ਰਿਸ਼ਤੇਦਾਰਾਂ ਨੂੰ ਅੰਤਮ ਦਰਸ਼ਨਾਂ ਲਈ ਰੱਖਿਆ ਗਿਆ। 11 ਕੁ ਵਜੇ ਉਸ ਦੀ ਮ੍ਰਿਤਕ ਦੇਹੀ ਅੰਤਮ ਸਫਰ ਲਈ ਵਿਦਾ ਹੋਣ ਲੱਗੀ ਤਾਂ ਅੱਖਾਂ ਮੂਹਰੇ ਇਹ ਸੋਚ ਕੇ ਹਨ੍ਹੇਰਾ ਛਾ ਗਿਆ ਕਿ ਇਹ ਪਹਿਲੀ ਵਾਰ ਸੀ ਕਿ ਗੁਰਦੇਵ ਸਿੰਘ ਏਨੇ ਘੱਟ ਸਮੇਂ ਲਈ (ਸਿਰਫ਼ ਤਿੰਨ ਘੰਟੇ) ਲਈ ਘਰੇ ਆਇਆ ਤੇ ਫਿਰ ਮੁੜ ਕਦੇ ਨਾ ਆਉਣ ਵਾਲੇ ਪੰਧ ਲਈ ਰਵਾਨਾ ਹੋ ਗਿਆ।

27 ਸਾਲ ਤੋਂ ਪ੍ਰਦੇਸਾਂ ਦੀ ਚੋਗ ਚੁਗੇਂਦਾ ਇਹ ਮਨੁੱਖ ਪਰਿੰਦੇ ਵਾਂਗ ਹੀ ਸ਼ਿਕਾਰੀਆਂ ਹੱਥੋਂ ਸਦਾ ਦੀ ਨੀਂਦ ਸੌਂ ਗਿਆ। 16 ਅਕਤੂਬਰ ਨੂੰ ਉਸ ਦੇ ਫੁੱਲ ਚੁਗੇ ਗਏ। 16 ਤਰੀਕ ਨੂੰ ਹੀ ਫੁੱਲ ਚੁਗ ਕੇ ਕੀਰਤਪੁਰ ਸਾਹਿਬ ਲਈ ਕਮਲ, ਰੇਸ਼ਮ, ਕੁਲਦੀਪ, ਪ੍ਰਭਜੋਤ, ਗੋਰਾ ਰਵਾਨਾ ਹੋਏ। ਜਦ ਰੇਸ਼ਮ ਦੇ ਪੇਟ ਨਾਲ ਬੰਨੇ ਫੁੱਲ ਰਵਾਨਾ ਹੋ ਰਹੇ ਸਨ ਤਾਂ ਉਹਨਾਂ ਫੁੱਲਾਂ ਵਿਚੋਂ ਵੀ ਪਾਣੀ ਦੇ ਤੁਪਕੇ ਡਿੱਗ ਰਹੇ ਸਨ ਜਿਵੇਂ ਉਹ ਮਨੀਲਾ ਜਾਣ ਵੇਲੇ ਇਸ ਅੰਤਮ ਸਮੇਂ ਤੇ ਜਾਣ ਵਾਲੇ ਸਫ਼ਰ ਤੇ ਵੀ ਘਰ ਤੋਂ ਹੰਝੂ ਵਹਾਉਂਦਾ ਤੁਰ ਰਿਹਾ ਹੋਵੇ। ਇਹ ਦ੍ਰਿਸ਼ ਵਾਰ-ਵਾਰ ਮੇਰੀਆਂ ਅੱਖਾਂ ਸਾਹਮਣੇ ਆਉਂਦਾ ਹੈ।

21 ਅਕਤੂਬਰ ਨੂੰ ਉਸ ਦਾ ਭੋਗ ਪਾਇਆ ਗਿਆ ਤੇ 28 ਅਕਤੂਬਰ ਤੱਕ ਕੈਨੇਡਾ ਤੋਂ ਆਏ ਬੱਚੇ ਵਾਪਸ ਚਲੇ ਗਏ। ਹੁਣ ਸਭ ਕੁਝ ਨਾਰਮਲ ਹੋ ਰਿਹਾ ਹੈ ਪਰ 6 ਅਕਤੂਬਰ ਤੋਂ ਬਾਅਦ ਨਾਂ ਮੈਂ ਅਜੇ ਤੱਕ ਟੈਲੀਵਿਜ਼ਨ ਲਗਾਇਆ ਹੈ ਤੇ ਨਾ ਹੀ ਗੁੱਟ ਤੇ ਘੜੀ ਬੰਨ੍ਹੀ ਹੈ। ਜਿਵੇਂ ਭੈਣ ਦੀ ਮੌਤ ਤੇ ਰੱਖੜੀ ਦਾ ਧਾਗਾ ਟੁੱਟ ਜਾਂਦਾ ਹੈ। ਉਸੇ ਤਰ੍ਹਾਂ ਸਾਡੇ ਫਿਰ ਮਿਲਣ ਦੀ ਘੜੀ ਵੀ ਟੁੱਟ ਗਈ ਹੈ। ਉਹ ਸਿਧਾਰਥ ਵਾਂਗ ਅਸਲ ਸੱਚ ਦੀ ਰਾਹ ਤੁਰ ਗਿਆ ਹੈ।

ਕਾਸ਼! ਉਹ ਵਾਪਸ ਆ ਜਾਵੇ। ਉਸ ਦੇ ਫੁੱਲਾਂ 'ਚੋਂ ਕੀਰਤਪੁਰ ਸਾਹਿਬ ਜਾਂਦੇ ਸਮੇਂ ਟਪਕਦੇ ਹੰਝੂ ਉਸ ਨੂੰ ਮੋੜ ਲਿਆਉਣ ਕੰਨ ਉਸ ਦੇ ਕਦਮਾਂ ਦੀ ਆਹਟ ਸੁਣਨ ਲਈ ਬੇਚੈਨ ਹਨ।

Owner, Publisher, Printer & Editor : Bhawandeep Singh Purba, Printed at : Rich Printing Press Moga, Published from : 1195, Ajit Nagar Moga (Pb) Titel Regd No. PUNPUN 04016